## ਭਗਤ ਰਵਿਦਾਸ – ਸਬਦ ੫

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥

ਰਾਗੁ ਗਉੜੀ ਬੈਰਾਗਣਿ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੩੪੬

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥
ਪਾਰੁ ਕੈਸੇ ਪਾਇਬੋ ਰੇ ॥
ਮੋ ਸਉ ਕੋਊ ਨ ਕਹੈ ਸਮਝਾਇ ॥
ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥
ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥
ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥
ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥
ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥

ਸਾਰ: ਭਾਰਤੀ ਦਰਸ਼ਨ ਵਿਚ ਚਾਰ ਜੁੱਗਾਂ ਦੀ ਧਾਰਨਾ ਵਿਚ ਸਤਯੁਗ ਨੂੰ ਸੁਨਹਿਰੀ ਜੁਗ, ਤ੍ਰੇਤਾ ਨੂੰ ਚਾਂਦੀ, ਦੁਆਪਰ ਨੂੰ ਤਾਂਬੇ ਅਤੇ ਕਲਜੁਗ ਨੂੰ ਲੋਹੇ ਦਾ ਜੁੱਗ ਮੰਨਿਆ ਜਾਂਦਾ ਹੈ। ਇਹ ਸਾਰੇ ਜੁੱਗ ਇਕੱਠੇ ਹੋ ਕੇ, ਸਮੇਂ ਚੱਕਰ ਦੀ ਪ੍ਰਕਿਰਤੀ ਨੂੰ ਦਰਸਾਉਂਦੇ ਹਨ, ਜਿਸ ਵਿਚ ਸ੍ਰਿਸ਼ਟੀ, ਇਸ ਦਾ ਪਾਲਣ, ਵਿਨਾਸ਼ ਅਤੇ ਮੁੜ-ਸੁਰਜੀਤੀ ਸ਼ਾਮਲ ਹਨ। ਦ੍ਰਿਸ਼ਟਾਂਤਿਕ ਤੌਰ 'ਤੇ, ਇਹ ਜੁੱਗ ਦਿੱਤੇ ਹੋਏ ਸਮੇਂ ਦੇ ਅਨੁਸਾਰ ਮਨ ਦੀ ਸਥਿਤੀ ਦਾ ਪ੍ਰਤੀਕ ਹਨ, ਜੋ ਕਿਰਿਆਵਾਂ, ਪ੍ਰਤੀਕ੍ਰਿਆਵਾਂ ਅਤੇ ਉਸ ਦੇ ਨਤੀਜਿਆਂ ਨੂੰ ਦਰਸਾਉਂਦੇ ਹਨ। ਖਾਸ ਵਿਸ਼ਵਾਸਾਂ ਅਤੇ ਸ਼ੰਕਿਆਂ ਵਿਚ ਘਿਰਿਆ ਹੋਇਆ ਮਨ, ਵਿਕਾਸ ਦੀ ਚੱਲ ਰਹੀ ਪ੍ਰਕਿਰਿਆ ਨੂੰ ਪਛਾਣਨ ਵਿਚ ਅਸਫ਼ਲ ਰਹਿੰਦਾ ਹੋਇਆ, ਹਠਧਰਮੀ ਬਣ ਸਕਦਾ ਹੈ। ਦੂਸਰੇ ਪਾਸੇ, ਵਿਸ਼ਾਲ ਮਨ ਅਤੇ ਜਾਗਰੂਕ ਮਾਨਸਿਕਤਾ, ਜੋ ਹੋਂਦ ਦੇ ਤੱਤ ਪ੍ਰਤੀ ਗ੍ਰਹਿਣਸ਼ੀਲ ਹੈ, ਵਧੇਰੇ ਵਿਵਹਾਰਿਕ ਹੁੰਦੀ ਹੈ।

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਸਤਿਯੁਗ ਦੀ ਪਹਿਚਾਣ ਅਜਿਹੇ ਵਿਚਾਰਾਂ ਨਾਲ ਹੁੰਦੀ ਜਿਨ੍ਹਾਂ ਰਾਹੀਂ ਸੱਚ ਦਾ ਪ੍ਰਗਟਾਵ ਹੁੰਦਾ ਹੈ। ਤ੍ਰੇਤਾ ਜੁੱਗ ਕਰਮਕਾਂਡੀ ਪੂਜਾ ਵਿਧਾਨ ਉਪਰ ਕੇਂਦ੍ਰਿਤ ਵਿਚਾਰਾਂ ਦਾ ਪ੍ਰਤੀਕ ਹੈ। ਦੁਆਪਰ ਜੁੱਗ ਨੈਤਿਕ ਚੋਣਾਂ ਬਾਰੇ ਦੁਬਿਧਾਵਾਂ ਨੂੰ ਦਰਸਾਉਂਦਾ ਹੈ। ਮਨ ਦੀਆਂ ਇਹ ਵੱਖ-ਵੱਖ ਅਵਸਥਾਵਾਂ ਸਾਡੇ ਜਨਮਜਾਤ ਵਿਚਾਰਾਂ ਦੀ ਸਰਲਤਾ ਤੋਂ ਜਟਿਲਤਾ ਵੱਲ ਤਬਦੀਲੀ ਨੂੰ ਦਰਸਾਉਂਦੀਆਂ ਹਨ, ਜੋ ਸਭ ਤੋਂ ਸਹਿਲੇ ਮਾਰਗ ਦੀਆਂ ਰਾਹੀ ਹੁੰਦੀਆਂ ਹਨ।

ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥
ਇਨ੍ਹਾਂ ਤਿੰਨਾਂ ਕਾਲਾਂ ਦੌਰਾਨ, ਵਿਚਾਰ ਤਿੰਨ ਵੱਖ-ਵੱਖ ਰਸਤਿਆਂ 'ਤੇ ਚੱਲਦੇ ਹਨ। ਜਦੋਂ ਮਨ ਨਕਾਰਾਤਮਕਤਾ ਵੱਲ ਝੁਕਦਾ ਹੈ, ਤਾਂ ਕਲਜੁਗ, ਜਿਸਨੂੰ ਲੋਹ ਜੁੱਗ ਕਿਹਾ ਜਾਂਦਾ ਹੈ, ਤਾਂ ਚਿੰਤਨ ਅਤੇ ਆਤਮ-ਪੜਚੋਲ ਰੂਹਾਨੀ ਸਹਾਰੇ ਦਾ ਮੁਖ ਸਰੋਤ ਬਣ ਜਾਂਦੇ ਹਨ। (੧)

ਪਾਰੁ ਕੈਸੇ ਪਾਇਬੋ ਰੇ ॥
ਕੋਈ ਉਸ ਹੱਦ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ? ਇਹ ਅਸਲੀਅਤ ਨੂੰ ਸਮਝਣ ਦੀ ਜਗਿਆਸਾ ਦੀ ਤਰਜ਼ਮਾਨੀ ਕਰਦਾ ਹੈ।

ਮੋ ਸਉ ਕੋਊ ਨ ਕਹੈ ਸਮਝਾਇ ॥

ਕਿਸੇ ਨੇ ਮੈਨੂੰ ਸਤਿ ਬਾਰੇ ਨਹੀਂ ਸਮਝਾਇਆ। ਇਹ ਭਾਵ ਸੁਚੇਤ ਜੀਵਨ ਜੀਉਣ ਦੀ ਘਾਟ ਨੂੰ ਉਜਾਗਰ ਕਰਦਾ ਹੈ।

ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥

ਤਾਂ ਜੋ ਪ੍ਰਗਤੀ ਅਤੇ ਨਿਘਾਰ ਦੇ ਚੱਕਰ ਤੋਂ ਨਿਪਟਾਰਾ ਪਾਇਆ ਜਾ ਸਕੇ, ਇਹ ਭਾਵ ਸਕਾਰਾਤਮਕ ਵਿਸ਼ਵਾਸਾਂ ਅਤੇ ਨਕਾਰਾਤਮਕ ਖਿੱਚਾਂ ਵਿਚਕਾਰ ਚੱਲ ਰਹੇ ਸੰਘਰਸ਼ ਤੋਂ ਖਹਿੜਾ ਛਡਾਉਣ ਵਾਲੀ ਇੱਛਾ ਨੂੰ ਜ਼ਾਹਿਰ ਕਰਦਾ ਹੈ। (੧)(ਠਹਿਰਾਉ)

ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥

ਵੰਨ-ਸੁਵੰਨੀਆਂ ਵਿਸ਼ਵਾਸ ਪ੍ਰਣਾਲੀਆਂ ਨੇਕੀ ਦੇ ਸਿਧਾਂਤ ਨੂੰ ਅਦਿੱਖ ਊਰਜਾ ਨੂੰ ਵੇਖਣ ਵਾਂਗ ਦਰਸਾਉਂਦੀਆਂ ਹਨ, ਇਕ ਸਰਵਵਿਆਪੀ ਚੇਤਨਾ ਜੋ ਸਰਬ-ਪਸਾਰੀ ਹੈ।

ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥

ਕਿਹੜੇ ਕਰਮ ਮੁਕਤੀ ਅਤੇ ਪੂਰਨ ਸੰਪੂਰਨਤਾ ਪ੍ਰਾਪਤ ਕਰਨ ਵੱਲ ਲੈ ਜਾ ਸਕਦੇ ਹਨ? (੨)

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥

ਕੋਈ ਵੀ ਨੇਕ ਅਤੇ ਬੁਰੇ ਕਰਮਾਂ ਵਿਚ ਫ਼ਰਕ ਕਰ ਸਕਦਾ ਹੈ ਅਤੇ ਰੂਹਾਨੀ ਗ੍ਰੰਥਾਂ ਵਿੱਚ ਦਿਤੇ ਬਿਬੇਕ ਨੂੰ ਧਾਰਨ ਕਰ ਸਕਦਾ ਹੈ।

ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥

ਭਾਵੇਂ, ਸ਼ੰਕੇ ਨਿਰੰਤਰ ਬਣੇ ਰਹਿੰਦੇ ਹਨ; ਇਸ ਲਈ, ਸੰਦੇਹ ਨਾਲ ਜੁੜੀ ਹਉਮੈਂ ਪ੍ਰਤੀ ਹੰਕਾਰ ਨੂੰ ਕੌਣ ਖਤਮ ਕਰ ਸਕਦਾ ਹੈ? (੩)

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥

ਬਾਹਰੋਂ, ਕੋਈ ਵੀ ਵਿਅਕਤੀ ਆਪਣੇ ਆਪ ਨੂੰ ਪਾਣੀ ਨਾਲ ਸਾਫ਼ ਕਰ ਸਕਦਾ ਹੈ; ਭਾਵੇਂ, ਹਿਰਦਾ ਅੰਦਰੋਂ ਅਣਗਿਣਤ ਵਿਕਾਰਾਂ ਨਾਲ ਮੈਲਾ ਹੋਵੇ।

ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥

ਤਾਂ ਫਿਰ, ਅੰਤਰੀਵੀ ਤੌਰ 'ਤੇ ਰੂਹਾਨੀ ਨਿਰਮਲਤਾ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ? ਬਾਹਰੀ ਕਰਮਕਾਂਡੀ ਇਸ਼ਨਾਨ ਉਸ ਹਾਥੀ ਦੇ ਨਹਾਉਣ ਦੇ ਤੁਲ ਹਨ ਜੋ ਨਹਾਉਣ ਉਪਰੰਤ ਆਪਣੇ ਆਪ ਨੂੰ ਮਿੱਟੀ ਨਾਲ ਫਿਰ ਮੈਲਾ ਕਰ ਲੈਂਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਬਾਹਰੀ ਦਿੱਖ ਧੋਖਾਪੂਰਨ ਹੋ ਸਕਦੀ ਹੈ। (੪)

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥

ਸੂਰਜ ਦਾ ਚੜ੍ਹਣਾ, ਰਾਤ ਦੇ ਅੰਤ ਨੂੰ ਦਰਸਾਉਂਦਾ ਹੈ, ਇਕ ਵਿਸ਼ਵਵਿਆਪੀ ਵਰਤਾਰਾ ਜਿਸਨੂੰ ਪੂਰੇ ਬ੍ਰਹਿਮੰਡ ਵਿਚ ਮਾਨਤਾ ਦਿੱਤੀ ਜਾਂਦੀ ਹੈ। ਇਹ ਭਾਵ ਕੁਦਰਤ ਦੇ ਵਿਸ਼ਵਵਿਆਪੀ ਵਿਧਾਨ ਨੂੰ ਉਜਾਗਰ ਕਰਦਾ ਹੈ ਜੋ ਸਮੁਚੀ ਸ੍ਰਿਸ਼ਟੀ 'ਤੇ ਇਕਸਾਰ ਲਾਗੂ ਹੁੰਦਾ ਹੈ।

ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥

ਸਿਰਫ਼ ਕਸਵੱਟੀ ਰਾਹੀਂ ਹੀ ਅਸੀਂ ਪਛਾਣ ਸਕਦੇ ਹਾਂ ਕਿ ਤਾਂਬਾ ਸੋਨਾ ਨਹੀਂ ਹੈ। ਇਹ ਦਰਸਾਉਂਦਾ ਹੈ ਕਿ ਵਸਤਾਂ ਦੇ ਅਸਲ ਮੁੱਲ ਨੂੰ ਸਮਝਣ ਲਈ ਸਿਰਫ਼ ਬਾਹਰੀ ਦਿੱਖਾਂ ਤੋਂ ਪਰੇ ਗੂੜ੍ਹ ਸੂਝ ਦੀ ਲੋੜ ਹੁੰਦੀ ਹੈ। (੫)

ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥

ਬਿਬੇਕ ਰੂਪੀ ਸ਼ਬਦਾਂ ਨਾਲ ਸਿਰਮੌਰ ਕਸਵੱਟੀ ਵਜੋਂ ਨਾਤਾ ਜੋੜ ਪਹਿਲਾਂ ਤੋਂ ਧਾਰਨ ਕੀਤੀ, ਜਟਿਲ ਮਾਨਸਿਕਤਾ ਨੂੰ ਰੁਪਾਂਤ੍ਰਿਤ ਕੀਤਾ ਜਾ ਸਕਦਾ ਹੈ।

ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥

ਜਦੋਂ ਮਨ ਆਪਣੀ ਮੂਲ ਅਨੰਦਮਈ ਅਵਸਥਾ ਵਿਚ ਟਿਕ ਜਾਂਦਾ ਹੈ, ਤਾਂ ਇਹ ਆਪਣੀਆਂ ਕੱਟੜ ਧਾਰਨਾਵਾਂ ਤੋਂ ਖਹਿੜਾ ਛੁਡਵਾ, ਮਾਨਸਿਕ ਰੁਕਾਵਟਾਂ ਤੋਂ ਮੁਕਤ ਹੋ ਜਾਂਦਾ ਹੈ। (੬)

ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥

ਅੰਤਰੀਵੀ ਭਗਤੀ ਦੇ ਮਰਿਯਾਦਾ ਰਾਹੀਂ, ਮਨ ਸੱਚਾਈ ਵਿਚ ਟਿੱਕ ਜਾਂਦਾ ਹੈ, ਸ਼ੰਕਿਆਂ, ਮੋਹ ਅਤੇ ਵਿਕਾਰਾਂ ਨੂੰ ਦੂਰ ਕਰਦਾ ਹੈ। ਇਹ ਸੁਝਾਅ ਦਿੰਦਾ ਹੈ ਕਿ ਜਦੋਂ ਧਿਆਨ ਪਾਕ ਅਤੇ ਸਥਿਰ ਹੋ ਜਾਂਦਾ ਹੈ, ਤਾਂ ਵਿਚਾਰ ਵਿਚ ਡੋਲਤਾ ਨਹੀਂ ਆਉਂਦੀ।

ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥

ਜਦੋਂ ਤੱਤਸਾਰ ਦਾ ਵਾਸਾ ਅੰਦਰ ਹੋ ਜਾਂਦਾ ਹੈ, ਤਾਂ ਮਨ ਸਾਕਾਰ ਅਤੇ ਨਿਰਾਕਾਰ ਨੂੰ ਇਕ ਦੇ ਰੂਪ ਵਿਚ ਮਾਣਦਾ ਹੈ। ਇਹ ਇਕ ਅਜਿਹੀ ਅਵਸਥਾ ਦਾ ਪ੍ਰਤੀਕ ਹੈ ਜਿੱਥੇ ਗੁਣ ਅਤੇ ਗੁਣ ਅਤੀਤਤਾ ਵਿਚਕਾਰਲੀ ਇਕਸਾਰਤਾ, ਦੋ ਪ੍ਰਤੀਯੋਗੀ ਵਿਚਾਰਾਂ ਦੀ ਬਜਾਏ, ਇਕ ਨਿਰੰਤਰ ਹਕੀਕਤ ਬਣ ਜਾਂਦੀ ਹੈ। (੭)

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥

ਬਹੁਤ ਸਾਰੇ ਲੋਕ ਸਵੈ-ਸੰਜਮ ਦੇ ਕਈ ਕਰਮ-ਕਾਂਡੀ ਰਸਤੇ ਇਖਤਿਆਰ ਕਰਦੇ ਹਨ, ਪਰ ਸ਼ੰਕਿਆਂ ਅਤੇ ਭਰਮ ਦੇ ਜਾਲ ਤੋਂ ਆਪਣੇ ਆਪ ਨੂੰ ਮੁਕਤ ਕਰਨ ਵਿਚ ਅਸਮਰੱਥ ਰਹਿੰਦੇ ਹਨ।

ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥

ਰਵਿਦਾਸ ਕਹਿੰਦੇ ਹਨ ਕਿ ਜਦੋਂ ਅੰਦਰੋਂ ਪਿਆਰ ਅਤੇ ਸ਼ਰਧਾ ਦਾ ਉਦਭਵ ਨਹੀਂ ਹੁੰਦਾ, ਤਾਂ ਉਹ ਉਦਾਸ ਹੋ ਜਾਂਦੇ ਹਨ। ਇਹ ਭਾਵ ਕਰਮਕਾਂਡੀ ਉਦਮਾਂ ਨਾਲ ਮਿਲੀ ਨਿਰਾਸ਼ਾ ਨੂੰ ਉਜਾਗਰ ਕਰਦਾ ਹੈ ਜੋ ਸ਼ਾਂਤੀ ਅਤੇ ਅਨੰਦ ਦੇ ਗੁਣ ਪ੍ਰਦਾਨ ਕਰਨ ਵਿਚ ਅਸਮਰੱਥ ਹੁੰਦੇ ਹਨ। (੮)(੧)

ਤੱਤ: ਭਗਤ ਰਵਿਦਾਸ ਥੋਥੀਆਂ ਕਰਮ-ਕਾਂਡੀ ਰਸਮਾਂ ਦੇ ਸਤਹੀ ਸੁਭਾਅ ਪ੍ਰਤੀ ਆਪਣੀ ਨਿਰਾਸ਼ਾ ਪ੍ਰਗਟ ਕਰਦੇ ਹਨ। ਉਹ ਇਨ੍ਹਾਂ ਵਿਧੀਆਂ ਦੀ ਪ੍ਰਭਾਵਸ਼ੀਲਤਾ ਨੂੰ ਦਲੇਰੀ ਨਾਲ ਚੁਣੌਤੀ ਦਿੰਦੇ ਹਨ, ਮਨ ਨੂੰ ਸ਼ੰਕਿਆਂ ਅਤੇ ਉਲਝਣ ਦੇ ਬੰਧਨਾਂ ਤੋਂ ਮੁਕਤ ਕਰਨ ਦੀ ਉਨ੍ਹਾਂ ਦੀ ਯੋਗਤਾ 'ਤੇ ਸਵਾਲ ਉਠਾਉਂਦੇ ਹਨ। ਇਹ ਕਿਰਿਆਵਾਂ ਅਕਸਰ ਵਿਸ਼ਵਵਿਆਪੀ ਪਿਆਰ ਅਤੇ ਸ਼ਰਧਾ ਦੀ ਸੱਚੀ ਭਾਵਨਾ ਨੂੰ ਉਤਸ਼ਾਹਿਤ ਕਰਨ ਦੀ ਬਜਾਏ, ਦਿਖਾਵਟੀ ਮਰਿਯਾਦਾ ਵੱਲ ਲੈ ਜਾਂਦੀਆਂ ਹਨ। ਉਹ ਸੱਚਾਈ ਦੀ ਅਰਥ ਭਰਪੂਰ ਖੋਜ ਦੀ ਮੰਗ ਕਰਦੇ ਹਨ, ਜੋ ਇਹ ਪਛਾਣਦੀ ਹੈ ਕਿ ਅਸੀਂ ਥਰ-ਥਰਾਉਂਦੀ ਊਰਜਾ ਨੂੰ ਵੱਖ-ਵੱਖ ਰੂਪਾਂ ਵਿਚ ਪ੍ਰਗਟ

ਹੁੰਦਾ ਦੇਖਦੇ ਹਾਂ ਪਰ ਜੋ ਬੇਅੰਤ, ਨਿਰਾਕਾਰ ਚੇਤਨਾ ਹੈ, ਉਹ ਆਪਣੇ ਮੂਲ ਰੂਪ ਵਿਚ, ਅਟੁੱਟ ਅਤੇ ਇਕ ਹੈ।

---


ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**